*ਇਹ ਅਨੁਵਾਦ ਤੁਹਾਡੀ ਸੁਵਿਧਾ ਵਾਸਤੇ ਪ੍ਰਦਾਨ ਕੀਤਾ ਗਿਆ ਹੈ ਅਤੇ ਇਹ ਤੁਹਾਨੂੰ ਅੰਗਰੇਜ਼ੀ ਵਿੱਚ ਜਾਰੀ ਕੀਤੇ ਅਧਿਕਾਰਿਤ ਨੋਟਿਸ ਦੇ ਬਦਲ ਵਜੋਂ ਕੰਮ ਨਹੀਂ ਕਰਦਾ। ਕੇਸ-ਵਿਸ਼ੇਸ਼ ਜਾਣਕਾਰੀ ਵਾਸਤੇ, ਤੁਹਾਨੂੰ ਲਾਜ਼ਮੀ ਤੌਰ 'ਤੇ ਅੰਗਰੇਜ਼ੀ ਵਿੱਚ ਅਧਿਕਾਰਿਤ ਨੋਟਿਸ ਨੂੰ ਦੇਖਣਾ ਚਾਹੀਦਾ ਹੈ। ਅੰਗਰੇਜ਼ੀ ਭਾਸ਼ਾ ਦਾ ਅਧਿਕਾਰਿਤ ਸੰਸਕਰਣ ਇਸ ਗੱਲ ਨੂੰ ਕੰਟਰੋਲ ਕਰਦਾ ਹੈ ਕਿ ਕੀ ਅਨੁਵਾਦਾਂ ਵਿੱਚ ਕੋਈ ਫਰਕ ਪੈਦਾ ਕੀਤੇ ਗਏ ਹਨ।*

**United States Department of Justice**
**Executive Office for Immigration Review**
**[Base City] Immigration Court**

[ਤੁਹਾਡਾ ਨਾਂ]
[ਅਟਾਰਨੀ ਦਾ ਨਾਮ, ਜੇ ਲਾਗੂ ਹੁੰਦਾ ਹੈ]
ਜੇ ਏਥੇ ਛੋਕੀਤਾ ਪਤਾ ਗਲਤ ਹੈ, ਤਾਂ ਕਿਰਪਾ ਕਰਕੇ ਹੇਠਾਂ ਦਿੱਤੀਆਂ "ਪਤੇ ਵਿੱਚ ਤਬਦੀਲੀ" ਬਾਰੇ ਹਿਦਾਇਤਾਂ ਦੇਖੋ।

ਅਣਜਾਣ ਰਜਿਸਟਰੇਸ਼ਨ ਨੰਬਰ: [ਅਧਿਕਾਰਿਤ ਨੋਟਿਸ ਦੇਖੋ]
ਹਟਾਉਣ ਦੀਆਂ ਕਾਰਵਾਈਆਂ
ਮਿਤੀ: [ਅਧਿਕਾਰਿਤ ਨੋਟਿਸ ਦੇਖੋ]

ਰਾਈਡਰ(ਰਾਂ):

## [ਅਧਿਕਾਰਿਤ ਨੋਟਿਸਦੇਖੋ] ਸੁਣਵਾਈ ਦਾ ਨੋਟਿਸ

ਤੁਹਾਡੇ ਕੇਸ ਨੂੰ ਪ੍ਰਵਾਸ ਸਬੰਧੀ ਅਦਾਲਤ ਦੇ ਸਾਹਮਣੇ ਇੱਕ [ਅਧਿਕਾਰਿਤ ਨੋਟਿਸ ਦੇਖੋ] ਸੁਣਵਾਈ ਵਾਸਤੇ ਇਸ ਤਾਰੀਖ਼ ਨੂੰ ਤੈਅ ਕੀਤਾ ਗਿਆ ਹੈ:

ਤਾਰੀਖ: [ਅਧਿਕਾਰਿਤ ਨੋਟਿਸ ਦੇਖੋ]
ਸਮਾਂ: [ਅਧਿਕਾਰਿਤ ਨੋਟਿਸ ਦੇਖੋ]
ਅਦਾਲਤ ਦਾ ਪਤਾ: [ਅਧਿਕਾਰਿਤ ਨੋਟਿਸ ਦੇਖੋ]

ਜੇ ਤੁਹਾਡੀ ਸੁਣਵਾਈ ਆਹਮਣੇ-ਸਾਹਮਣੇ ਨਹੀਂ ਹੈ, ਤਾਂ ਤੁਸੀਂ ਹੇਠਾਂ ਦਿੱਤੇ ਲਿੰਕ ਰਾਹੀਂ ਆਪਣੀ ਸੁਣਵਾਈ ਤੱਕ ਪਹੁੰਚ ਕਰੋਗੇ: ਜੇ ਤੁਹਾਡੀ ਸੁਣਵਾਈ ਖੁਦ ਹਾਜ਼ਰ ਹੋਕੇ ਹੈ ਤਾਂ ਇਹ ਖੇਤਰ ਤੁਹਾਡੇ ਅਧਿਕਾਰਿਤ ਨੋਟਿਸ 'ਤੇ ਖਾਲੀ ਹੈ।

**ਪ੍ਰਤੀਨਿਧਤਾ:** ਇਹਨਾਂ ਕਾਰਵਾਈਆਂ ਵਿੱਚ ਤੁਹਾਡੀ ਪ੍ਰਤੀਨਿਧਤਾ, ਸਰਕਾਰ ਨੂੰ ਬਿਨਾਂ ਕਿਸੇ ਖ਼ਰਚੇ ਦੇ, ਕਿਸੇ ਅਟਾਰਨੀ ਜਾਂ ਤੁਹਾਡੀ ਪਸੰਦ ਦੇ ਕਿਸੇ ਹੋਰ ਪ੍ਰਤੀਨਿਧ ਦੁਆਰਾ ਕੀਤੀ ਜਾ ਸਕਦੀ ਹੈ ਜੋ ਕਿਸੇ ਇਮੀਗ੍ਰੇਸ਼ਨ ਸਬੰਧੀ ਅਦਾਲਤ ਦੇ ਸਾਹਮਣੇ ਵਿਅਕਤੀਆਂ ਦੀ ਪ੍ਰਤੀਨਿਧਤਾ ਕਰਨ ਲਈ ਅਖਤਿਆਰ ਪ੍ਰਾਪਤ ਅਤੇ ਯੋਗਤਾ ਪ੍ਰਾਪਤ ਹੈ। ਜੇ ਤੁਹਾਡੀ ਪ੍ਰਤੀਨਿਧਤਾ ਕੀਤੀ ਜਾਂਦੀ ਹੈ, ਤਾਂ ਤੁਹਾਡੇ ਅਟਾਰਨੀ ਜਾਂ ਪ੍ਰਤੀਨਿਧ ਨੂੰ ਵੀ ਲਾਜ਼ਮੀ ਤੌਰ 'ਤੇ ਤੁਹਾਡੀ ਸੁਣਵਾਈ ਮੌਕੇ ਹਾਜ਼ਰ ਹੋਣਾ ਚਾਹੀਦਾ ਹੈ ਅਤੇ ਤੁਹਾਡੇ ਕੇਸ ਨੂੰ ਅੱਗੇ ਵਧਾਉਣ ਲਈ ਤਿਆਰ ਰਹਿਣਾ ਚਾਹੀਦਾ ਹੈ। https://www.justice.gov/eoir/list-pro-bono-legal-service-providers ਵਿਖੇ ਨਾਲ ਨੱਥੀ ਅਤੇ ਔਨਲਾਈਨ ਮੁਫ਼ਤ ਕਨੂੰਨੀ ਸੇਵਾ ਪ੍ਰਦਾਨਕਾਂ ਦੀ ਇੱਕ ਸੂਚੀ ਹੈ ਜੋ ਤੁਹਾਡੀ ਸਹਾਇਤਾ ਕਰਨ ਦੇ ਯੋਗ ਹੋ ਸਕਦੇ ਹਨ।

**ਗ਼ੈਰ ਹਾਜ਼ਰੀ:** ਜੇ ਤੁਸੀਂ ਆਪਣੀ ਸੁਣਵਾਈ ਮੌਕੇ ਹਾਜ਼ਰ ਹੋਣ ਵਿੱਚ ਅਸਫਲ ਰਹਿੰਦੇ ਹੋ ਅਤੇ ਹੋਮਲੈਂਡ ਸਕਿਊਰਟੀ ਵਿਭਾਗ ਸਪੱਸ਼ਟ, ਨਿਰਵਿਵਾਦ, ਅਤੇ ਠੋਸ ਸਬੂਤਾਂ ਦੁਆਰਾ ਇਹ ਸਥਾਪਤ ਕਰਦਾ ਹੈ ਕਿ ਤੁਹਾਡੀ ਸੁਣਵਾਈ ਦਾ ਲਿਖਤੀ ਨੋਟਿਸ ਪ੍ਰਦਾਨ ਕੀਤਾ ਗਿਆ ਸੀ ਅਤੇ ਇਹ ਕਿ ਤੁਸੀਂ ਹਟਾਉਣਯੋਗ ਹੋ, ਤਾਂ ਤੁਹਾਨੂੰ ਸੰਯੁਕਤ ਰਾਜ ਵਿੱਚੋਂ ਬਾਹਰ ਕੱਢਣ ਦਾ ਆਦੇਸ਼ ਦਿੱਤਾ ਜਾਵੇਗਾ। ਇਹਨਾਂ ਨਿਯਮਾਂ ਵਾਸਤੇ ਅਪਵਾਦ ਕੇਵਲ ਅਪਵਾਦੀ ਹਾਲਾਤਾਂ ਵਾਸਤੇ ਹਨ।

**ਜੇ ਤੁਸੀਂ ਪਤਾ ਬਦਲਦੇ ਹੋ:** ਤੁਹਾਡੇ ਵੱਲੋਂ ਪ੍ਰਦਾਨ ਕੀਤੀ ਸਭ ਤੋਂ ਹਾਲੀਆ ਸੰਪਰਕ ਜਾਣਕਾਰੀ ਦੇ ਆਧਾਰ 'ਤੇ ਅਦਾਲਤ ਤੁਹਾਡੇ ਵੱਲੋਂ ਪ੍ਰਦਾਨ ਕੀਤੀ ਸਭ ਤੋਂ ਹਾਲੀਆ ਸੰਪਰਕ ਜਾਣਕਾਰੀ ਦੇ ਆਧਾਰ 'ਤੇ ਸਾਰੇ ਪੱਤਰ-ਵਿਹਾਰ, ਜਿਸ ਵਿੱਚ ਸੁਣਵਾਈ ਦੇ ਨੋਟਿਸ ਵੀ ਸ਼ਾਮਲ ਹਨ, ਤੁਹਾਨੂੰ ਭੇਜੇਗੀ, ਅਤੇ ਜੇ ਤੁਸੀਂ ਅਦਾਲਤ ਵਿੱਚ ਪੇਸ਼ ਨਹੀਂ ਹੁੰਦੇ ਤਾਂ ਤੁਹਾਡੀਆਂ ਪ੍ਰਵਾਸ ਦੀਆਂ ਕਾਰਵਾਈਆਂ ਤੁਹਾਡੀ ਗੈਰ-ਹਾਜ਼ਰੀ ਵਿੱਚ ਅੱਗੇ ਵਧ ਸਕਦੀਆਂ ਹਨ। ਜੇ ਪੇਸ਼ ਹੋਣ ਦੇ ਨੋਟਿਸ 'ਤੇ ਤੁਹਾਡੀ ਸੰਪਰਕ ਜਾਣਕਾਰੀ ਗੁੰਮ ਹੈ ਜਾਂ ਗਲਤ ਹੈ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਉਸ ਨੋਟਿਸ ਨੂੰ ਪ੍ਰਾਪਤ ਕਰਨ ਦੇ ਪੰਜ ਦਿਨਾਂ ਦੇ ਅੰਦਰ ਪ੍ਰਵਾਸ ਸਬੰਧੀ ਅਦਾਲਤ ਨੂੰ ਆਪਣੀ ਨਵੀਨਤਮ ਸੰਪਰਕ ਜਾਣਕਾਰੀ ਪ੍ਰਦਾਨ ਕਰਾਉਣੀ ਚਾਹੀਦੀ ਹੈ ਤਾਂ ਜੋ ਤੁਸੀਂ ਮਹੱਤਵਪੂਰਨ ਜਾਣਕਾਰੀ ਤੋਂ ਖੁੰਝ ਨਾ ਜਾਵੋਂ। ਹਰ ਵਾਰ ਜਦ ਵੀ ਤੁਹਾਡਾ ਪਤਾ, ਟੈਲੀਫੋਨ ਨੰਬਰ, ਜਾਂ ਈਮੇਲ ਪਤੇ ਵਿੱਚ ਤਬਦੀਲੀ ਆਉਂਦੀ ਹੈ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਪੰਜ ਦਿਨਾਂ ਦੇ ਅੰਦਰ ਪ੍ਰਵਾਸ ਸਬੰਧੀ ਅਦਾਲਤ ਨੂੰ ਸੂਚਿਤ ਕਰਨਾ ਚਾਹੀਦਾ ਹੈ। ਪ੍ਰਵਾਸ ਸਬੰਧੀ ਅਦਾਲਤ ਦੇ ਨਾਲ ਆਪਣੀ ਸੰਪਰਕ ਜਾਣਕਾਰੀ ਨੂੰ ਨਵੀਨਤਮ ਕਰਨ ਲਈ, ਤੁਹਾਨੂੰ ਲਾਜ਼ਮੀ ਤੌਰ 'ਤੇ ਇੱਕ ਫਾਰਮ EOIR-33 ਨੂੰ ਜਾਂ ਤਾਂ ਔਨਲਾਈਨ https://respondentaccess.eoir.justice.gov/en/ ਜਾਂ ਫਿਰ ਨਾਲ ਨੱਥੀ ਕੀਤੇ ਕਾਗਜ਼ੀ ਫਾਰਮ ਨੂੰ ਭਰਕੇ ਅਤੇ ਇਸਨੂੰ ਉੱਪਰ ਸੂਚੀਬੱਧ ਇਮੀਗ੍ਰੇਸ਼ਨ ਅਦਾਲਤ ਨੂੰ ਡਾਕ ਰਾਹੀਂ ਭੇਜੋ

**ਇੰਟਰਨੈੱਟ 'ਤੇ ਸੁਣਵਾਈਆਂ:** ਜੇ ਤੁਹਾਡੀ ਕੋਈ ਇੰਟਰਨੈੱਟ-ਆਧਾਰਿਤ ਸੁਣਵਾਈ ਤੈਅ ਕੀਤੀ ਗਈ ਹੈ, ਤਾਂ ਤੁਸੀਂ ਵੀਡੀਓ ਜਾਂ ਟੈਲੀਫੋਨ ਰਾਹੀਂ ਪੇਸ਼ ਹੋਵੋਂਗੇ। ਜੇ ਤੁਸੀਂ ਉੱਪਰ ਨਾਮ ਦੱਸੀ ਪ੍ਰਵਾਸ ਅਦਾਲਤ ਵਿਖੇ ਖੁਦ ਹਾਜ਼ਰ ਹੋਣ ਨੂੰ ਤਰਜੀਹ ਦਿੰਦੇ ਹੋ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਉੱਪਰ ਪ੍ਰਦਾਨ ਕੀਤੀ ਸੁਣਵਾਈ ਦੀ ਤਾਰੀਖ਼ ਤੋਂ ਘੱਟੋ ਘੱਟ ਪੰਦਰਾਂ ਦਿਨ ਪਹਿਲਾਂ ਪ੍ਰਵਾਸੀ ਅਦਾਲਤ ਕੋਲ ਇੱਕ ਖੁਦ ਹਾਜ਼ਰ ਹੋਕੇ ਸੁਣਵਾਈ ਵਾਸਤੇ ਮਤਾ ਦਾਇਰ ਕਰਨਾ ਚਾਹੀਦਾ ਹੈ। ਹਰੇਕ ਪ੍ਰਵਾਸ ਅਦਾਲਤ ਵਾਸਤੇ ਇੰਟਰਨੈੱਟ-ਆਧਾਰਿਤ ਸੁਣਵਾਈਆਂ ਬਾਰੇ ਵਧੀਕ ਜਾਣਕਾਰੀ EOIR ਦੀ ਵੈੱਬਸਾਈਟ 'ਤੇ https://www.justice.gov/eoir/eoir-immigration-court-listing 'ਤੇ ਉਪਲਬਧ ਹੈ।

**ਆਹਮਣੇ-ਸਾਹਮਣੇ ਦੀਆਂ ਸੁਣਵਾਈਆਂ:** ਜੇ ਤੁਹਾਡੀ ਖੁਦ ਹਾਜ਼ਰ ਹੋਕੇ ਸੁਣਵਾਈ ਤੈਅ ਕੀਤੀ ਗਈ ਹੈ, ਤਾਂ ਤੁਸੀਂ ਉੱਪਰ ਨਾਮ ਦੱਸੇ ਪ੍ਰਵਾਸ ਸਬੰਧੀ ਅਦਾਲਤ ਵਿਖੇ ਖੁਦ ਹਾਜ਼ਰ ਹੋਵੋਂਗੇ। ਜੇ ਤੁਸੀਂ ਇੰਟਰਨੈੱਟ ਰਾਹੀਂ ਹੀ ਹਾਜ਼ਰ ਹੋਣ ਨੂੰ ਤਰਜੀਹ ਦਿੰਦੇ ਹੋ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਉੱਪਰ ਪ੍ਰਦਾਨ ਕੀਤੀ ਸੁਣਵਾਈ ਦੀ ਤਾਰੀਖ਼ ਤੋਂ ਘੱਟੋ ਘੱਟ ਪੰਦਰਾਂ ਦਿਨ ਪਹਿਲਾਂ ਪ੍ਰਵਾਸ ਅਦਾਲਤ ਕੋਲ ਇੱਕ ਇੰਟਰਨੈੱਟ-ਆਧਾਰਿਤ ਸੁਣਵਾਈ ਵਾਸਤੇ ਮਤਾ ਦਾਇਰ ਕਰਨਾ ਚਾਹੀਦਾ ਹੈ।

ਤੁਹਾਡੇ ਕੇਸ ਬਾਰੇ ਜਾਣਕਾਰੀ ਵਾਸਤੇ, ਕਿਰਪਾ ਕਰਕੇ 1-800-898-7180 (ਟੋਲ-ਫ੍ਰੀ) ਜਾਂ 304-625-2050 'ਤੇ ਕਾਲ ਕਰੋ।

*ਇਸ ਦਸਤਾਵੇਜ਼ 'ਤੇ ਸੇਵਾ ਦਾ ਸਰਟੀਫਿਕੇਟ ਇਮੀਗ੍ਰੇਸ਼ਨ ਅਦਾਲਤ ਨੂੰ ਤੁਹਾਨੂੰ ਅਤੇ ਹੋਮਲੈਂਡ ਸਕਿਓਰਿਟੀ ਵਿਭਾਗ ਨੂੰ ਇਸ ਨੋਟਿਸ ਦੀ ਡਿਲੀਵਰੀ ਰਿਕਾਰਡ ਕਰਨ ਦੀ ਇਜਾਜ਼ਤ ਦਿੰਦਾ ਹੈ।*

---

CERTIFICATE OF SERVICE

THIS DOCUMENT WAS SERVED BY:MAIL [M]  PERSONAL SERVICE [P]  ELECTRONIC SERVICE [E]

TO: [ ] Noncitizen | [ ] Noncitizen c/o Custodial Officer |
[ ] Noncitizen ATT/REP | [ ] DHS

DATE: ____________________ BY: COURT STAFF ____________________

Attachments:[ ] EOIR-33 [ ] Appeal Packet [ ] Legal Services List [ ] Other NH

Use a smartphone's camera to scan the code on this page to read the notice online.

Usa la cámara de un teléfono inteligente para escanear el código de esta página y leer el aviso en línea.

Use a câmara do smartphone para digitalizar o código nesta página e ler o manual de instruções online.

使用智能手机摄像头扫描本页面的代码，即可在线阅读该通知。

ਨੋਟਿਸ ਨੂੰ ਔਨਲਾਈਨ ਪੜ੍ਹਨ ਲਈ ਇਸ ਪੰਨੇ 'ਤੇ ਕੋਡ ਨੂੰ ਸਕੈਨ ਕਰਨ ਲਈ ਸਮਾਰਟਫੋਨ ਦੇ ਕੈਮਰੇ ਦੀ ਵਰਤੋਂ ਕਰੋ।

অনলাইনে নোটিশ পড়ার জন্য এই পেজের কোডটি স্ক্যান করতে স্মার্টফোনের ক্যামেরা ব্যবহার করুন

सूचना अनलाइनमा पढ्न यस पृष्ठमा कोड स्क्यान गर्न स्मार्टफोनको क्यामेरा प्रयोग गर्नुहोस्।

Sèvi ak kamera yon telefòn entèlijan pou eskane kòd ki nan paj sa a pou li avi a sou entènèt.

استخدم كاميرا الهاتف الذكي لمسح الرمز الموجود في هذه الصفحة لقراءة الإشعار على الإنترنت

Чтобы прочитать уведомление онлайн, отсканируйте код на этой странице с помощью камеры вашего смартфона.

Utilisez l'appareil photo d'un téléphone intelligent pour scanner le code sur cette page afin de lire l'avis en ligne.